ਡਾਇਰੈਕਟੋਰੇਟ ਆਫ਼ ਸਪੋਰਟਸ
**ਪੰਜਾਬੀ ਯੂਨੀਵਰਸਿਟੀ, ਪਟਿਆਲਾ**
(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਿਤ)

ਨੰ. ਸਪੈਸ਼ਲ-1 /ਡਸ

ਮਿਤੀ 22-04-2019

**ਵਿਸ਼ਾ: ਪੰਜਾਬੀ ਯੂਨੀਵਰਸਿਟੀ ਦੇ ਖੇਡ ਵਿੰਗਾਂ ਲਈ ਟਰਾਇਲ 5 ਮਈ ਨੂੰ ਕਰਵਾਏ ਜਾਣ ਸਬੰਧੀ।**

ਸ਼੍ਰੀਮਾਨ/ਸ਼੍ਰੀਮਤੀ ਜੀ,

ਹਵਾਲਾ ਪੱਤਰ ਨੰ.100/ਡਸ ਮਿਤੀ 15.04.2019 ਸਬੰਧੀ।

ਉਪਰੋਕਤ ਹਵਾਲਾ ਪੱਤਰ ਸਬੰਧੀ ਆਪ ਜੀ ਦੀ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਕਿ ਖੇਡ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ **ਸੈਸ਼ਨ 2019-20 ਦੌਰਾਨ ਯੂਨੀਵਰਸਿਟੀ ਕੈਂਪਸ ਅਤੇ ਇਸਦੇ ਅਧੀਨ ਆਉਂਦੇ ਕਾਲਜਾਂ ਵਿੱਚ ਕਿਸੇ ਵੀ ਕੋਰਸ/ਕਲਾਸ ਵਿੱਚ ਦਾਖਲਾ ਲੈਣ ਦੇ ਚਾਹਵਾਨ ਖਿਡਾਰੀਆਂ (ਪੁਰਸ਼ ਅਤੇ ਮਹਿਲਾ) ਲਈ ਸਪੋਰਟਸ ਵਿੰਗ ਦੇ ਟਰਾਇਲ** ਕੁੱਝ ਤਕਨੀਕੀ ਕਾਰਣਾਂ ਕਰਕੇ ਪ੍ਰੀ-ਪੋਨ ਕਰ ਦਿੱਤੇ ਗਏ ਹਨ ਅਤੇ **ਹੁਣ ਇਹ ਟਰਾਇਲ ਮਿਤੀ 5 ਮਈ, 2019 ਨੂੰ ਸਵੇਰੇ 07.00 ਵਜੇ ਸਪੋਰਟਸ ਕੰਪਲੈਕਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਆਯੋਜਿਤ ਕਰਵਾਏ ਜਾਣਗੇ**। ਵਿਭਾਗ ਵੱਲੋਂ ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼ (ਏ.ਆਈ.ਯੂ.) ਦੇ ਖੇਡ ਕੈਲੰਡਰ ਵਿਚ ਸ਼ਾਮਿਲ ਹੇਠ ਲਿਖੀਆਂ ਖੇਡਾਂ ਲਈ ਖਿਡਾਰੀਆਂ ਦੇ ਟਰਾਇਲ ਕਰਵਾਏ ਜਾਣਗੇ।

| | | |
|---|---|---|
| 1. | *AQUATICS* | *MW* |
| 2. | *ARCHERY* | *MW* |
| 3. | *ATHLETICS* | *MW* |
| 4. | *BADMINTON* | *MW* |
| 5. | *BASEBALL* | *M* |
| 6. | *BASKETBALL* | *MW* |
| 7. | *BOXING* | *MW* |
| 8. | *CANOEING AND KAYAKING* | *MW* |
| 9. | *CRICKET* | *MW* |
| 10. | *CROSS COUNTRY RACES* | *MW* |
| 11. | *CYCLING ROAD* | *MW* |
| 12. | *CYCLING TRACK* | *MW* |
| 13. | *FENCING* | *MW* |
| 14. | *FOOTBALL* | *MW* |
| 15. | *GYMNASTICS* | *MW* |
| 16. | *HANDBALL* | *MW* |
| 17. | *HOCKEY* | *MW* |
| 18. | *JUDO* | *MW* |
| 19. | *KABADDI (NS)* | *MW* |
| 20. | *KHO-KHO* | *MW* |

| | | |
|---|---|---|
| 21. | *NETBALL* | *W* |
| 22. | *ROWING* | *MW* |
| 23. | *RUGBY* | *MW* |
| 24. | *SEPAKTAKRAW (M&W)* | *MW* |
| 25. | *SHOOTING-AIR PISTOL, AIR RIFLE & SHOTGUN* | *MW* |
| 26. | *SOFT TENNIS* | *MW* |
| 27. | *SOFTBALL* | *W* |
| 28. | *TABLE-TENNIS* | *MW* |
| 29. | *TAEKWONDO* | *MW* |
| 30. | *TENNIS* | *MW* |
| 31. | *VOLLEYBALL* | *MW* |
| 32. | *WRESTLING-FS WRESTLING-GRS* | *MW* |
| 33. | *WEIGHT LIFTING* | *MW* |
| 34. | *WUSHU* | *MW* |
| 35. | *PENCAK SILAT* | *MW* |
| 36. | *KARATE* | *MW* |
| 37. | *YOGA* | *MW* |

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਆਪਣੇ ਕਾਲਜ ਦੇ ਸਮੂਹ ਖਿਡਾਰੀਆਂ ਨੂੰ ਸੂਚਿਤ ਕਰਨ ਦੀ ਖੇਚਲ ਕਰਨੀ ਜੀ। ਹਰ ਇਕ ਖਿਡਾਰੀ ਕੋਲ ਆਪਣੀਆਂ **02 ਪਾਸਪੋਰਟ ਸਾਈਜ਼ ਫੋਟੋਆਂ, ਜਨਮ ਮਿਤੀ ਦਾ ਸਬੂਤ, ਵਿਦਿਅਕ ਅਤੇ ਖੇਡਾਂ ਦੇ ਸਾਰੇ ਅਸਲੀ ਸਰਟੀਫਿਕੇਟਸ ਅਤੇ ਉਹਨਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਹੋਣੀਆਂ ਲਾਜ਼ਮੀ** ਹਨ। ਚੁਣੇ ਗਏ ਖਿਡਾਰੀਆਂ ਨੂੰ ਸਿਖਲਾਈ ਦੀਆਂ ਬੇਹਤਰੀਨ ਸਹੂਲਤਾਂ ਤੋਂ ਇਲਾਵਾ ਰਿਹਾਇਸ਼, ਮੁਫ਼ਤ ਪੜ੍ਹਾਈ, ਖੇਡ ਸਮੱਗਰੀ ਅਤੇ ਖੁਰਾਕੀ ਭੱਤਾ ਮੁਹੱਈਆ ਕਰਵਾਇਆ ਜਾਵੇਗਾ।

ਟਰਾਇਲਾਂ ਸਬੰਧੀ **ਖੇਡ ਸੂਚੀ ਅਤੇ ਐਂਟਰੀ ਫਾਰਮ** www.punjabiuniversity.ac.in >> Important links >> Important University Notices **ਪੇਜ 'ਤੋਂ ਡਾਊਨਲੋਡ** ਕੀਤੇ ਜਾ ਸਕਦੇ ਹਨ। ਟਰਾਇਲ ਦੇਣ ਲਈ ਆਉਣ ਵਾਲੇ ਖਿਡਾਰੀਆਂ ਵੱਲੋਂ **ਐਂਟਰੀ ਫਾਰਮ ਸਹੀ ਢੰਗ ਨਾਲ ਭਰ ਕੇ ਅਤੇ ਲੋੜੀਂਦੇ ਸਾਰੇ ਦਸਤਾਵੇਜ ਨਾਲ ਲਿਆਉਣੇ ਲਾਜ਼ਮੀ** ਹਨ।

**ਡਾਇਰੈਕਟਰ ਸਪੋਰਟਸ**

**ਉਤਾਰਾ:**

1. *ਸਮੂਹ ਸੰਬੰਧਿਤ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ – ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ।*
2. *ਸਮੂਹ ਸੰਬੰਧਿਤ ਕਾਲਜਾਂ ਦੇ ਪ੍ਰੋਫੈਸਰ/ਲੈਕਚਰਾਰ ਸਰੀਰਕ ਸਿੱਖਿਆ/ਇੰਚਾਰਜ਼ (ਟੀਮ) ਸਾਹਿਬਾਨ ਅਤੇ ਸੰਬੰਧਿਤ ਖਿਡਾਰੀਆਂ ਦੀ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ।*
3. *ਸਮੂਹ ਕੋਚਿਜ਼/ਇੰਸਟ੍ਰਕਟਰਜ਼ ਸਾਹਿਬਾਨ (ਖੇਡ ਵਿਭਾਗ) ਦੀ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ।*